Alberta

# ਨਿਊਜ਼ ਰਿਲੀਜ਼

# ਐਲਬਰਟਾ ਨਿਵਾਸੀਆਂ ਲਈ ਡਾਇਬਿਟੀਜ਼ ਕੇਅਰ ਦੇ ਭਵਿੱਖ ਨੂੰ ਸੁਰੱਖਿਅਤ ਕਰਨਾਂ

21 ਜੁਲਾਈ, 2022

## ਸੂਬੇ ਵਾਸਤੇ ਇਕ ਵਿਸਤ੍ਰਿਤ ਡਾਇਬਿਟੀਜ਼ ਰਣਨੀਤੀ ਤਿਆਰ ਕਰਨ ਵਾਸਤੇ ਇਕ ਡਾਇਬਿਟੀਜ਼ ਵਰਕਿੰਗ ਗਰੁੱਪ ਬਣਾਇਆ ਜਾ ਰਿਹਾ  ਹੈ।

ਸਰਕਾਰ ਇਸ ਚਿਰਕਾਲੀ ਬੀਮਾਰੀ ਨਾਲ ਜੀਅ ਰਹੇ ਐਲਬਰਟਾ ਨਿਵਾਸੀਆਂ ਦੀ ਵਧ ਰਹੀ ਗਿਣਤੀ ਦੀਆਂ ਜ਼ਰੂਰਤਾਂ ਨੂੰ ਪੂਰਿਆਂ ਕਰਨ ਵਾਸਤੇ ਇਕ ਅਗਾਂਹ ਵਧਣ ਵਾਲੀ ਕੇਅਰ ਪਲੈਨ ਨੂੰ ਰੂਪ ਦੇਣ ਲਈ ਐਲਬਰਟਾ ਭਰ 'ਚੋਂ ਲਏ ਜਾਣ ਵਾਲੇ ਪ੍ਰਤਿਨਿਧਾਂ ਨਾਲ ਮਿਲਕੇ ਕੰਮ ਕਰੇਗੀ।

ਡਾਇਬਿਟੀਜ਼ ਦੇ ਇਲਾਜ ਲਈ ਲਏ ਜਾਂਦੇ ਕਿਸੇ ਵੀ ਫੈਸਲੇ ਦੀ ਇਸ ਵਰਕਿੰਗ ਗਰੁੱਪ ਵੱਲੋਂ ਜਾਣਕਾਰੀ ਦਿੱਤੀ ਜਾਇਆ ਕਰੇਗੀ। ਇਨਸੁਲਿਨ ਪੰਪ ਥੈਰੇਪੀ ਪ੍ਰੋਗਰਾਮ 'ਚ ਕੋਈ ਤਬਦੀਲੀ ਨਹੀਂ ਕੀਤੀ ਜਾਵੇਗੀ। ਇਹ ਪ੍ਰੋਗਰਾਮ ਉਸੇ ਹੀ ਤਰ੍ਹਾਂ ਜਾਰੀ ਰਹੇਗਾ ਜਿਵੇਂ ਡਿਜ਼ਾਇਨ ਕੀਤਾ ਗਿਆ ਸੀ ਅਤੇ ਇਹ ਇਸ ਸਾਲ ਜਿੰਨੀ ਵੀ ਜਲਦੀ ਸੰਭਵ ਹੋ ਸਕਿਆ, ਸ਼ੁਰੂ ਹੁੰਦਿਆਂ  ਇਨਸੁਲਿਨ ਪੰਪਾਂ ਦੀਆਂ ਅਗਲੀਆਂ ਨਵੀਆਂ ਕਿਸਮਾਂ ਤੱਕ ਪਹੁੰਚ ਵਧਾਏਗਾ।

ਐਲਬਰਟਾ ਨਿਵਾਸੀਆ ਦੀ ਟਾਈਪ 1 ਅਤੇ ਟਾਈਪ 2 ਡਾਇਬਿਟੀਜ਼ ਨਾਲ ਰੋਗ-ਪਛਾਣ ਹੋ ਜਾਣ ਵਾਲੇ ਲੋਕਾਂ ਦੀ ਵਧ ਰਹੀ ਗਿਣਤੀ ਨੂੰ ਧਿਆਨ 'ਚ ਰੱਖਦਿਆਂ ਹੋਇਆਂ ਕੇਅਰ ਦੇ ਲੰਮੀ ਮਿਆਦ ਵਾਲੇ ਇਕ ਮਾਰਗ ਨੂੰ ਮਿਥਣ ਦੀ ਜ਼ਰੂਰਤ ਹੈ ਤਾਂ ਕਿ ਐਲਬਰਟਾ ਨਿਵਾਸੀ ਆਪਣੀ ਡਾਇਬਿਟੀਜ਼ ਦਾ ਪ੍ਰਬੰਧਣ ਕਰ ਸਕਣ ਅਤੇ ਮਾੜੇ ਨਤੀਜਿਆਂ ਦੇ ਖਤਰੇ ਨੂੰ ਘਟਾ ਸਕਣ, ਜਿੰਨ੍ਹਾਂ ਨਾਲ ਹੈਲਥ-ਕੇਅਰ ਸਿਸਟਮ ਦੇ ਖਰਚਿਆਂ ਅਤੇ ਬੋਝ ਵਿਚ ਵਾਧਾ ਹੁੰਦਾ ਹੈ।

ਡਾਇਬਿਟੀਜ਼ ਦੀਆਂ ਦਵਾਈਆਂ, ਸਪਲਾਈਆਂ ਅਤੇ ਇਨਸੁਲਿਨ ਪੰਪਾਂ ਦਾ ਸਰਕਾਰ ਦਾ ਖਰਚਾ ਤਕਰੀਬਨ 15 ਪ੍ਰਤਿਸ਼ਤ ਸਲਾਨਾਂ ਵਧ ਚੁੱਕਿਆ ਹੈ ਅਤੇ ਇਹ ਬੀਤੇ ਪੰਜ ਸਾਲਾਂ 'ਚ ਲੱਗਭਗ ਦੁੱਗਣਾ ਹੋ ਕੇ 200 ਮਿਲੀਅਨ ਡਾਲਰ ਤੱਕ ਪੁੱਜ ਗਿਆ ਹੈ। ਜੇਕਰ ਐਲਬਰਟਾ ਦੇ ਕੇਅਰ ਦੇ ਮੌਜੂਦਾ ਪ੍ਰਬੰਧ ਨਾਲ ਨਜਿੱਠਿਆ ਨਾ ਗਿਆ ਤਾਂ ਆਉਂਦੇ ਪੰਜ ਸਾਲਾਂ 'ਚ ਖਰਚੇ ਦੇ ਫਿਰ ਦੁੱਗਣੇ ਹੋ ਕੇ 381 ਮਿਲੀਅਨ ਡਾਲਰ ਤੱਕ ਪੁੱਜਣ ਦੀ ਆਸ ਹੈ।

ਨਿਸ਼ਾਨਾਂ ਭਵਿੱਖ ਵਾਸਤੇ ਇਕ ਟਿਕਾਊ ਪ੍ਰਕਾਰ ਦਾ ਕੇਅਰ ਦਾ ਮਾਰਗ ਵਿਕਸਤ ਕਰਦਿਆਂ ਹੋਇਆਂ ਕੇਅਰ ਵਿਚਲੇ ਖੱਪਿਆਂ ਦੀ ਪਛਾਣ ਕਰਨ ਅਤੇ ਐਲਬਰਟਾ ਨਿਵਾਸੀਆਂ ਵਾਸਤੇ ਕੁੱਲ ਮਿਲਾ ਕੇ ਇਕ ਚੰਗੇਰਾ ਕੇਅਰ ਪ੍ਰਦਾਨ ਕਰਨ ਦਾ ਹੈ।

ਵਰਕਿੰਗ ਗਰੁੱਪ ਸੂਬੇ ਦੇ ਕੇਅਰ ਦੇ ਸਾਰੇ ਮਾਰਗ ਦਾ ਮੁਲਾਂਕਣ ਕਰੇਗਾ, ਜਿਸ 'ਚ ਮੁਢਲੇ ਕੇਅਰ ਪ੍ਰਦਾਨ ਕਰਨ ਵਾਲੇ ਡਾਕਟਰਾਂ ਦੀ ਪ੍ਰੈਕਟਿਸ ਦੇ ਦਾਇਰੇ ਅਤੇ ਡਾਇਬਿਟੀਜ਼ ਨਾਲ ਜੀਅ ਰਹੇ ਮਰੀਜ਼ਾਂ ਦਾ ਇਲਾਜ ਅਤੇ ਰੋਗ-ਪਛਾਣ ਸ਼ਾਮਲ ਹੋਵੇਗਾ।

ਡਾਇਬਿਟੀਜ਼ ਵਰਕਿੰਗ ਗਰੁੱਪ ਮਰੀਜ਼ਾਂ, ਡਾਇਬਿਟੀਜ਼ ਸੰਸਥਾਵਾਂ, ਸਿਹਤ ਪ੍ਰੋਫੈਸ਼ਨਲਾਂ, ਖੋਜ-ਕਰਤਿਆਂ ਅਤੇ ਹੈਲਥ ਇੰਨਸ਼ੋਰੈਂਸ ਕਰਨ ਵਾਲਿਆਂ ਨੂੰ ਸ਼ਾਮਲ ਕਰੇਗਾ। ਸਿਫਾਰਸ਼ਾਂ 2023 ਦੀ ਪੱਤਝੜ ਰੁੱਤ ਤੋਂ ਪਹਿਲਾਂ ਸਿਹਤ ਮੰਤਰੀ ਨਾਲ ਸਾਂਝੀਆਂ ਕੀਤੀਆਂ ਜਾਣਗੀਆਂ।.

## ਫੌਰੀ ਤੱਥ

- ਡਾਇਬਿਟੀਜ਼ ਨਾਲ ਜੀ ਰਹੇ ਐਲਬਰਟਾ ਨਿਵਾਸੀਆਂ ਨੂੰ ਜਿੰਨੀ ਜਲਦੀ ਸੰਭਵ ਹੋਇਆ 2022 'ਚ ਹੇਠ ਲਿਖੇ ਪੰਪਾਂ ਤੱਕ ਵੀ ਪਹੁੰਚ ਹਾਸਲ ਹੋ ਜਾਵੇਗੀ:

- Medtronic Canada ਵੱਲੋਂ ਬਣਾਏ ਗਏ Minimed 670G ਇਨਸੁਲਿਨ ਪੰਪ ਸਿਸਟਮ ਅਤੇ Minimed 770G ਇਨਸੁਲਿਨ ਪੰਪ ਸਿਸਟਮ
- Ypsomed Canada Inc.ਵੱਲੋਂ ਬਣਾਏ ਗਏ YpsoPump ਇਨਸੁਲਿਨ ਪੰਪ
- Tandem Diabetes Care Canada, Inc.ਵੱਲੋਂ Basal IQ ਤਕਨਾਲੋਜੀ ਸਹਿਤ ਬਣਾਏ ਗਏ t:slim X2 ਇਨਸੁਲਿਨ ਪੰਪ ਅਤੇ Control IQ ਤਕਨਾਲੋਜੀ ਸਹਿਤ ਬਣਾਏ ਗਏ t:slim X2 ਇਨਸੁਲਿਨ ਪੰਪ

- ਇਨਸੁਲੈੱਟ ਕੈਨੇਡਾ ਪੈਨ-ਕੈਨੇਡੀਅਨ ਫਾਰਮਾਸਿਊਟੀਕਲ ਅਲਾਇੰਸ ਨਾਲ ਗੱਲਬਾਤ ਕਰ ਰਿਹਾ ਹੈ।

